# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106, 2621104,2631104,ਫੈਕਸ:0172-2624687 ਈ-ਮੇਲ: ssaproc@gmail.com

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐਸਿ),

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,

ਪੰਜਾਬ।

ਮੀਮੋ ਨੰ: ਏਐਸਪੀਡੀ(ਪ੍ਰੋਕ)/ਸਸਅ/2010/38471

ਮਿਤੀ,ਚੰਡੀਗੜ੍ਹ:24/05/10

**ਵਿਸ਼ਾ: ਰਾਜ ਦੇ ਜ਼ਿਲ੍ਹਾ ਦਫ਼ਤਰਾਂ, ਬਲਾਕ ਦਫ਼ਤਰਾਂ ਅਤੇ ਕਲੱਸਟਰ ਰਿਸੋਰਸ ਕੇਂਦਰਾਂ ਵਿੱਚ ਦਿੱਤੇ ਗਏ ਡੈਸਕ ਟਾਪ ਕੰਪਿਊਟਰਜ਼,ਪ੍ਰਿੰਟਰਜ਼,ਫ਼ੋਟੋਕਾਪੀਅਰ,ਫ਼ੈਕਸ ਮਸ਼ੀਨਾਂ ਅਤੇ ਹੋਰ ਪੈਰੀਫ਼ੇਰਲਜ਼ ਦੀ ਸੁਚਾਰੂ ਵਰਤੋਂ, ਸਾਂਭ-ਸੰਭਾਲ ਅਤੇ ਮੁਰੰਮਤ ਆਦਿ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰੋ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਿਟੀ ਵੱਲੋਂ ਸ.ਸ.ਅ. ਦੀਆਂ ਸਕੀਮਾਂ ਨੂੰ ਸਹੀ ਢੰਗ ਅਤੇ ਸੁਚਾਰੂ ਰੂਪ ਨਾਲ ਲਾਗੂ ਕਰਨ ਵਾਸਤੇ ਜ਼ਿਲ੍ਹਿਆਂ, ਬਲਾਕਾਂ ਅਤੇ ਕਲੱਸਟਰ ਰਿਸੋਰਸ ਕੇਂਦਰਾਂ ਨੂੰ ਡੈਸਕ ਟਾਪ ਕੰਪਿਊਟਰਜ਼,ਪ੍ਰਿੰਟਰਜ਼,ਫ਼ੋਟੋਕਾਪੀਅਰ,ਫ਼ੈਕਸ ਮਸ਼ੀਨਾਂ ਅਤੇ ਹੋਰ ਪੈਰੀਫ਼ੇਰਲਜ਼ ਦਿੱਤੇ ਗਏ ਸਨ।

3.0 ਮੁੱਖ ਦਫ਼ਤਰ ਵੱਲੋਂ ਸਮੇਂ-ਸਮੇਂ 'ਤੇ ਸਾਰੇ ਦਫ਼ਤਰਾਂ ਨੂੰ ਫ਼ੋਨ ਸੰਪਰਕ ਕਰਕੇ ਪਤਾ ਕੀਤਾ ਜਾਂਦਾ ਹੈ ਕਿ ਕੀ ਸਮੁੱਚਾ ਬੁਨਿਆਦੀ ਢਾਂਚਾ ਸੁਚਾਰੂ ਰੂਪ ਵਿੱਚ ਕੰਮ ਕਰ ਰਿਹਾ ਹੈ।ਇਸ ਦੌਰਾਨ ਆਮ ਤੌਰ 'ਤੇ ਕਾਫ਼ੀ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੁੰਦੀਆਂ ਹਨ ਕਿ ਬਲਾਕਾਂ ਵਿੱਚ ਮਸ਼ੀਨੀ ਕਲ-ਪੁਰਜਿਆਂ ਦੀ ਮੁਰੰਮਤ ਸਮੇ ਸਿਰ ਨਹੀਂ ਹੁੰਦੀ ਜਿਸ ਕਰਕੇ ਇਹ ਕੰਮ ਨਹੀਂ ਕਰਦੀਆਂ।ਕਈ ਕੇਸਾਂ ਵਿੱਚ ਇਹ ਸਾਹਮਣੇ ਆਇਆ ਹੈ ਕਿ ਬਲਾਕ ਕੋਲ ਜਾ ਤਾਂ ਖ਼ਰਚ ਲਈ ਪੈਸਾ ਨਹੀਂ ਹੁੰਦਾ ਜਾਂ ਫ਼ਿਰ ਸਹੀ ਤਰੀਕੇ ਨਾਲ ਖ਼ਰਚ ਨਹੀਂ ਕੀਤਾ ਜਾਂਦਾ।

4.0 ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਲ 2010-11 ਲਈ ਬਲਾਕ ਪੱਧਰ ਦੀ ਕੰਟਨਜੈਂਸੀ ਨੂੰ 20,000/- ਰੁਪਏ ਤੋਂ ਵਧਾ ਕੇ 50,000/- ਰੁਪਏ ਕੀਤਾ ਗਿਆ ਹੈ।

5.0 ਇਸ ਦੇ ਮੱਦੇ-ਨਜ਼ਰ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਿਟੀ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਤੇ ਨਿਯਮਾਂ ਅਧੀਨ ਸਾਰੇ ਆਈ ਟੀ ਕਲਪੁਰਜਿਆਂ/ ਮਸ਼ੀਨਾਂ ਦੀ ਸੁਯੋਗ ਅਤੇ ਸੁਚਾਰੂ ਵਰਤੋਂ ਨੂੰ ਸੁਨਿਸਚਿਤ ਬਣਾਇਆਂ ਜਾਵੇ।ਜੇਕਰ ਬਲਾਕ ਪੱਧਰ 'ਤੇ ਸਹੀ ਵਰਤੋਂ ਨਾ ਹੋਣ ਦੀ ਵਜ੍ਹਾ ਨਾਲ ਕੰਮ ਸਹੀ ਨਹੀਂ ਚੱਲ ਰਹੀ ਤਾਂ ਇਹੋ ਜਿਹੀ ਮਸ਼ੀਨ ਨੂੰ ਕੰਟਨਜੈਂਸੀ ਫ਼ੰਡਾਂ ਵਿੱਚੋਂ ਨਿਯਮਾਂ ਮੁਤਾਬਿਕ ਠੀਕ ਕਰਵਾਇਆ ਜਾਵੇ।ਇਸ ਲਈ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਅਤੇ ਕਲੱਸਟਰ ਪੱਧਰ 'ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜ਼ਿਮੇਵਾਰ ਹੋਣਗੇ ਪਰੰਤੂ ਇਹ ਵੀ ਚੰਗੀ ਤਰਾਂ ਸੁਨਿਸਚਤ ਕਰ ਲਿਆ ਜਾਵੇ ਕਿ ਜਿਹੜੀ ਮਸ਼ੀਨ ਵਾਰੰਟੀ ਅਧੀਨ ਹੈ, ਉਸ ਨੂੰ ਠੀਕ ਕਰਨ ਦੀ ਜ਼ਿਮੇਵਾਰੀ ਕੰਟਰੈਕਟ ਦੇ ਅਧੀਨ ਸਬੰਧਤ ਫ਼ਰਮ/ ਵੈਂਡਰ ਦੀ ਹੈ।ਇਸ ਤਰਾਂ ਵਾਰੰਟੀ ਅਧੀਨ ਮਸ਼ੀਨਾਂ ਸਬੰਧਤ ਵੈਂਡਰ/ ਫ਼ਰਮ ਤੋਂ ਹੀ ਠੀਕ ਕਰਵਾਈਆਂ ਜਾਣ ਅਤੇ ਅਜਿਹੀਆਂ ਮਸ਼ੀਨਾਂ 'ਤੇ ਦਫ਼ਤਰ ਦੀ ਕੰਟਨਜੈਂਸੀ ਵਿੱਚੋਂ ਕੋਈ ਪੈਸਾ ਖ਼ਰਚ ਨਾ ਕੀਤਾ ਜਾਵੇ।ਜੇਕਰ ਕਿਸੇ ਵੀ ਦਫ਼ਤਰ ਨੂੰ ਕਿਸੇ ਤਰਾਂ ਦੀ ਕੋਈ ਔਕੜ ਪੇਸ਼ ਆਵੇ ਤਾਂ ਤੁਰੰਤ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ ਜਾਂ ਮੁੱਖ ਦਫ਼ਤਰ ਨੂੰ ਈ-ਮੇਲ/ ਫ਼ੋਨ/ ਪੱਤਰ ਰਾਹੀਂ ਸੂਚਿਤ ਕੀਤਾ ਜਾਵੇ।

6.0 ਹੁਕਮਾਂ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।**